ਨੰਬਰ 5892/ ਫਿਤਰਸਕੀਮ

ਮਿਤੀ 29/12/2020

ਸੇਵਾ ਵਿਖੇ

ਵਣ ਮੰਡਲ ਅਫਸਰ
ਰੂਪਨਗਰ।

ਵਿਸ਼ਾ:- ਲਿਫਟ ਸਕੀਮ ਨਾਰਡ,ਚੀਕਣਾ ਅਤੇ ਮੱਸੇਵਾਲ ਦੇ ਆਨਲਾਈਨ ਕੇਸ ਦੀ ਹਾਰਡ ਕਾਪੀ ਜਮਾ ਕਰਾਉਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਉਕਤ ਲਿਫਟ ਸਕੀਮ ਦਾ ਆਨਲਾਈਨ ਕੇਸ ਇਸ ਦਫਤਰ ਵੱਲੋ ਅਪਲਾਈ ਕੀਤਾ ਗਿਆ ਹੈ।ਜਿਸਦਾ ਪਰਪੋਸਲ ਨੰਬਰ FP/PB/OIRRIG/60833/2020 ਦੇ ਸਬੰਧ ਵਿੱਚ ਸਬੰਧਤ ਕੇਸ ਦੀ ਹਾਰਡ ਕਾਪੀ 4 ਪੜਤਾ ਵਿੱਚ ਆਪ ਜੀ ਨੂੰ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਕਾਰਜਕਾਰੀ ਇੰਜੀਨੀਅਰ,
ਰੋਪੜ ਹੈਡ ਵਰਕਸ ਮੰਡਲ,
ਰੋਪੜ।

3371
30/12/2020

P.T.O →

ਪਿੱਠ ਅੰਕਣ ਨੰਬਰ: 7764-65 /                                   ਮਿਤੀ: 30-12-2020 /

ਇਸ ਦੀ ਇੱਕ ਨਕਲ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੀ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ :-

1) ਵਣ ਰੇਜ ਅਫਸਰ, ਸ੍ਰੀ ਆਨੰਦਪੁਰ ਸਾਹਿਬ ਨੂੰ ਸਮੇਤ ਫਾਈਲ ਭੇਜ ਕਿ ਲਿਖਿਆ ਜਾਂਦਾ ਹੈ ਕਿ ਉਕੱਤ ਕੇਸ ਵਿੱਚ ਪ੍ਰਪੋਜਡ ਵਣ ਰਕਬੇ ਦੀ ਜੁਆਇੰਟ ਇੰਸਪੈਕਸਨ ਕਰਨ ਉਪਰੰਤ ਐਫ.ਸੀ.ਏ. 1980 ਤਹਿਤ ਮੁਕੰਮਲ ਰਿਪੋਟ ਨਿਰਧਾਰਤ ਪ੍ਰਫਾਰਮਿਆਂ ਤੇ ਹਰ ਪੱਖੋ ਮੁਕੰਮਲ ਕਰਕੇ ਇਸ ਦਫਤਰ ਨੂੰ ਜਲਦ ਤੋਂ ਜਲਦ ਭੇਜਣੀ ਯਕੀਨੀ ਬਣਾਈ ਜਾਵੇ। ਆਪਣੀ ਰਿਪੋਟ ਵਿੱਚ ਪ੍ਰਭਾਵਿਤ ਹੋਣ ਵਾਲੇ ਵਣ ਰਕਬੇ ਅਤੇ ਰੁੱਖਾਂ ਸਬੰਧੀ ਰਿਪੋਟ ਸਮੇਤ ਰੁੱਖਾਂ ਦੀ ਸਾਂਝੇ ਤੌਰ ਤੇ ਤਿਆਰ ਕੀਤੀ ਗਈ ਮਾਰਕਿੰਗ ਲਿਸਟਾਂ ਇਸ ਦਫਤਰ ਨੂੰ ਭੇਜੀਆਂ ਜਾਣ। ਆਪ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਰਿਪੋਟ ਵਿੱਚ ਇਹ ਵੀ ਸਪਸਟ ਕੀਤਾ ਜਾਵੇ ਕਿ ਇਸ ਪ੍ਰਪੋਜਲ ਵਿੱਚ ਕਿਸੇ ਕਿਸਮ ਦਾ ਕੋਈ ਪ੍ਰੋਟੈਕਟਡ ਵਣ ਰਕਬਾ ਪ੍ਰਭਾਵਿਤ ਹੁੰਦਾ ਹੈ ਜਾਂ ਨਹੀਂ।

2) ਕਾਰਜਕਾਰੀ ਇੰਜੀਨੀਅਰ, ਰੋਪੜ੍ਹ ਹੈਡ ਵਰਕਸ ਮੰਡਲ, ਰੋਪੜ੍ਹ ਨੂੰ ਭੇਜ ਕਿ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਕਿਸੇ ਅਧਿਕਾਰੀ/ਕਰਮਚਾਰੀ ਦੀ ਡਿਊਟੀ ਲਗਾਕੇ ਵਣ ਰੇਜ ਅਫਸਰ, ਸ੍ਰੀ ਆਨੰਦਪੁਰ ਸਾਹਿਬ ਨਾਲ ਸੰਪਰਕ ਕਰਕੇ ਉਕੱਤ ਪ੍ਰਪੋਜਲ ਵਿੱਚ ਪ੍ਰਪੋਜਡ ਵਣ ਰਕਬੇ ਦੀ ਜੁਆਇੰਟ ਇੰਸਪੈਕਸਨ ਕੀਤੀ ਜਾਵੇ ਅਤੇ ਪ੍ਰਪੋਜਡ ਰਕਬੇ ਦਾ ਮੌਕਾ ਚੈਕ ਕਰਵਾ ਕੇ ਪ੍ਰਪੋਜਡ ਰਕਬੇ ਵਿੱਚ ਪ੍ਰਭਾਵਿਤ ਹੋਣ ਵਾਲੇ ਰੁੱਖਾਂ ਦੀਆਂ ਮਾਰਕਿੰਗ ਲਿਸਟਾਂ ਅਤੇ ਮੁਕੰਮਲ ਫੀਲਡ ਵੈਰੀਫਿਕੇਸਨ ਰਿਪੋਟ ਇਸ ਦਫਤਰ ਨੂੰ ਭਿਜਵਾਈ ਜਾਵੇ ਤਾਂ ਜੋ ਉਸ ਅਨੁਸਾਰ ਆਪ ਦੇ ਕੇਸ ਤੇ ਅਗਲੀ ਕਾਰਵਾਈ ਕੀਤੀ ਜਾ ਸਕੇ।

ਸਹਿਪੱਤਰ : ਉਕੱਤ ਅਨੁਸਾਰ।

ਵਣ ਮੰਡਲ ਅਫਸਰ,
ਰੂਪਨਗਰ।
30/12

Scanned with CamScanner